8.12.96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

ਅੱਜ ਦੇ ਸਮੇਂ ਦਾ ਸ਼ਾਇਰ ਅਮਰਜੀਤ ਕੌਂਕੇ: ਸਭਿਆਚਾਰ, ਸਾਹਿਤ ਅਤੇ ਕਲਾ ਦੇ ਖੇਤਰ ਵਿਚ ਬਹੁਤ ਕੁਝ ਵਾਪਰ ਰਿਹਾ ਹੈ, ਜੋ ਸਿਹਤਮੰਦ ਸਭਿਆਚਾਰ ਦੇ ਵਿਕਾਸ ਵੱਲ ਸੰਕੇਤ ਕਰਦਾ ਹੈ। ਪਾਕਿਸਤਾਨੀ ਗਾਇਕਾਂ ਦਾ ਪਹਿਲੇ ਮੁਹਾਲੀ ਆਉਣਾ ਤੇ ਫਿਰ ਹਾਸ਼ਮਸ਼ਾਹ ਮੇਲੇ ਤੇ ਜਗਦੇਵ ਕਲਾਂ ਵੀ ਜਾਣਾ ਆਪਣੇ ਆਪ ਵਿਚ ਇਕ ਘਟਨਾ ਹੈ। ਖਾਸ ਕਰਕੇ ਪਾਕਿਸਤਾਨੀ ਗਾਇਕਾਂ ਸਾਂਝੇ ਪੰਜਾਬ ਸਭਿਆਚਾਰ ਲਈ ਜੋ ਆਪਣੇ ਜਜ਼ਬੇ ਦਰਸਾਏ, ਉਨ੍ਹਾਂ ਜਜ਼ਬਿਆਂ ਨਾਲ ਸਮੁੱਚੀ ਜ਼ਿੰਦਗੀ ਦੀ ਸੰਵੇਦਨਸ਼ੀਲਤਾ ਵਿਚ ਇਕ ਅਹਿਮ ਵਾਧਾ ਹੋਇਆ ਤੇ ਇਹ ਅਹਿਸਾਸ ਹੋਇਆ ਕਿ ਕਠੋਰ ਰਾਜਨੀਤੀ ਉਤੇ ਵੀ ਕੋਈ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਹਨ। ਹਾਸ਼ਮਸ਼ਾਹ ਮੇਲੇ ਤੇ ਜਿਹੜੀਆਂ ਸਾਹਿਤਕ ਅਤੇ ਸਭਿਆਚਾਰਕ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ, ਉਹ ਵੀ ਕਦਰਦਾਨੀ ਦੀ ਚੰਗੀ ਮਿਸਾਲ ਹੈ। ਇਕ ਗੱਲ ਇਨ੍ਹਾਂ ਮੇਲਿਆਂ ਬਾਰੇ ਖਟਕਦੀ ਵੀ ਹੈ, ਉਹ ਇਹ ਹੈ ਕਿ ਇਨ੍ਹਾਂ ਮੇਲਿਆਂ ਤੇ ਮੰਤਰੀਆਂ ਦਾ ਪੁੱਜਣਾ ਤੇ ਫਿਰ ਮੇਲੇ ਦੇ ਇਮਦਾਦ ਲਈ ਵੱਡੀਆਂ ਰਕਮਾਂ ਦਾ ਐਲਾਨ ਕਰਨਾ। ਇਹ ਤਾਂ ਸਾਫ ਹੈ ਕਿ ਵੱਡੇ ਕੰਮਾਂ ਲਈ ਵੱਡੇ ਖਰਚਿਆਂ ਦੇ ਲੋੜ ਹੁੰਦੀ ਹੈ ਅਤੇ ਇਨ੍ਹਾਂ ਖਰਚਿਆਂ ਵਿਚ ਮਦਦ ਕਰਨਾ ਲੋਕਤੰਤਰ ਵਿਚ ਸਮੇਂ ਦੀ ਸਰਕਾਰ ਦਾ ਫਰਜ਼ ਹੈ, ਪਰ ਇਹ ਮਦਦ ਸਭਿਆਚਾਰਕ ਮਾਮਲੇ ਵਿਭਾਗ ਦੇ ਰਾਹੀਂ ਆਉਣੀ ਚਾਹੀਦੀ ਹੈ, ਜੋ ਇਨ੍ਹਾਂ ਕੰਮਾਂ ਲਈ ਥਾਪਿਆ ਹੋਇਆ ਮਹਿਕਮਾ ਹੈ। ਕਿਸੇ ਮੰਤਰੀ ਨੇ ਆਪਣੇ ਜ਼ਾਤੀ ਫੰਡ ਵਿਚੋਂ ਵੀ ਜੇ ਕੋਈ ਰਕਮ ਦੇਣੀ ਹੈ ਤਾਂ ਉਹ ਵੀ ਸਭਿਆਚਾਰਕ ਮਾਮਲੇ ਵਿਭਾਗ ਦੇ ਰਾਹੀਂ ਹੀ ਆਉਣੀ ਚਾਹੀਦੀ ਹੈ। ਕਿਸੇ ਤਰ੍ਹਾਂ ਵੀ ਇਸ ਗੱਲ ਦਾਂ ਸੰਕੇਤ ਨਹੀਂ ਹੋਣਾ ਚਾਹੀਦਾ ਕਿ ਕੋਈ ਵੀ (ਭਾਵੇਂ ਉਹ ਕਿੰਨੇ ਹੀ ਵੱਡੇ ਅਹੁਦੇ ਤੇ ਹੈ) ਕਲਾ ਤੋਂ ਉਤੇ ਹੈ। ਖੈਰ ਇਹ ਤਾਂ ਕਲਾ ਦੇ ਖੇਤਰ ਵਿਚ ਹੋਣ ਵਾਲੀਆਂ ਸਰਗਰਮੀਆਂ ਬਾਰੇ ਇਕ ਉਡਦੀ ਉਡਦੀ ਝਾਤ ਸੀ, ਜਿਹੜੀ ਵਿਸ਼ੇਸ਼ ਘਟਨਾ ਬਾਰੇ ਇਥੇ ਗੱਲ ਕਰਨੀ ਹੈ, ਉਹ ਅਮਰਜੀਤ ਕੌਂਕੇ ਦੀ ਕਵਿਤਾ ਦੀ ਕਿਤਾਬ 'ਸ਼ਬਦ ਰਹਿਣਗੇ ਕੋਲ ਦੀ ਆਦਮ ਹੈ। ਇਸ ਕਿਤਾਬ ਨੂੰ 1996 ਦੇ ਸਾਹਿਤ ਦੀ ਇਕ ਵਿਸ਼ੇਸ਼ ਪ੍ਰਾਪਤੀ ਕਿਹਾ, ਜਾ ਸਕਦਾ ਹੈ। ਕਿਸੇ ਵੇਲੇ ਮੋਹਣ ਸਿੰਘ ਦੇ 'ਸਾਵੇਂ ਪੱਤਰ' ਦਰਸ਼ਨ ਸਿੰਘ ਅਵਾਰਾ ਦੀ 'ਬਗਾਵਤ' ਅਤੇ ਦੀਵਾਨ ਸਿੰਘ ਕਾਲੇ ਪਾਣੀ ਦੀ ਕਵਿਤਾ ਦੀ ਪੰਜਾਬੀ ਸਾਹਿਤ ਵਿਚ ਆਮਦ ਚਰਚਾ ਬਣੇ। ਉਨ੍ਹਾਂ ਵਾਕੁਕ ਅਮਰਜੀਤ ਕੌਂਕੇ ਦੀ ਇਹ ਕਿਤਾਬ ਵੀ ਇਕ ਖੁਸ਼ਗਵਾਰ ਘਟਨਾ ਹੀ ਹੈ।

ਪਿਛਲੇ ਕੁਝ ਸਾਲਾਂ ਤੋਂ ਇਹ ਸ਼ਾਇਰ ਪੰਜਾਬੀ ਕਵਿਤਾ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਰਿਹਾ ਸੀ ਪਰ ਇਸ ਕਿਤਾਬ ਨਾਲ ਸਹਿਜੇ ਹੀ ਉਹ 'ਅੱਜ ਦੇ ਸਮੇਂ' ਦਾ ਸ਼ਾਇਰ ਅਖਵਾਉਣ ਦਾ ਹੱਕਦਾਰ ਹੈ। ਬਹੁਤ ਸਾਦਾ ਪਰ ਕਵਿਤਾ ਦੇ ਸ਼ਕਤੀਸ਼ਾਲੀ ਮੁਹਾਵਰੇ ਵਿਚ ਉਸ ਨੇ ਇਨ੍ਹਾਂ ਕਵਿਤਾਵਾਂ ਵਿਚ ਜ਼ਿੰਦਗੀ ਦੇ ਵੱਡੇ ਸੱਚ ਅੰਕਿਤ ਕੀਤੇ ਹਨ, ਜੋ ਤੁਹਾਨੂੰ ਸਵਾਦ ਸਵਾਦ ਕਰਦੇ ਹਨ। ਇਕ ਕਵਿਤਾ ਸ਼ਬਦਾਂ ਦੀ ਅਹਿਮੀਅਤ ਦਸਦੀ ਹੈ।

ਸ਼ਬਦ ਰਹਿਣਗੇ ਕੋਲ: ਦੁੱਖ ਹੋਵੇਗਾ, ਤਾਂ ਅਸੀਂ ਲਿਖਾਂਗੇ ਕਵਿਤਾ, ਖੁਸ਼ ਹੋਵਾਂਗੇ, ਤਾਂ ਵੀ ਸ਼ਬਦ 'ਚ ਭਰਾਂਗੇ, ਸਾਰਾ ਉਲਾਸ/ ਉਦਾਸ ਹੋਵਾਂਗੇ ਦੁਨੀਆਂ ਤੋਂ, ਤਾਂ ਵੀ ਸ਼ਬਦਾਂ ਦੇ ਵਿਚ ਕਰਾਂਗੇ ਵਿਦਰੋਹ, ਹਾਰਾਂਗੇ ਪਿਆਰ ਵਿਚ, ਤਾਂ ਵੀ ਸਿਸਕਾਂਗੇ, ਸ਼ਬਦਾਂ ਦੀ ਗੋਦ 'ਚ ਸਿਰ ਦੇ ਕੇ/ ਸ਼ਬਦ ਸਾਡਾ ਦੁੱਖ ਨੇ, ਸਾਡਾ ਸੁੱਖ ਵੀ ਨੇ ਸ਼ਬਦ, ਸ਼ਬਦ ਸਾਡੀ ਕਵਿਤਾ, ਸਾਡੇ ਹਥਿਆਰ ਵੀ ਨੇ ਸ਼ਬਦ/ ਕੁਝ ਵੀ ਨਹੀਂ ਹੋਵੇਗਾ ਕੋਲ ਜਦੋਂ, ਉਦੋਂ ਵੀ, ਸਾਡੇ ਕੋਲ ਹੋਣਗੇ ਸ਼ਬਦ, ਆਪਣੀਆਂ ਅਸੀਮ ਸੰਭਾਵਨਾਵਾਂ ਸਮੇਤ।

ਜ਼ਿੰਦਗੀ ਵਿਚ ਜੇ ਹਰਕਤ ਹੈ, ਤਾਂ ਹੀ ਉਸ ਵਿਚ ਖੂਬਸੂਰਤੀ ਹੈ, ਜੇ ਖੜੋਤ ਹੈ ਤਾਂ ਕੁਹਜ। ਕਵਿਤਾ 'ਨਹਿਰ' ਵਿਚ ਇਸ ਖਿਆਲ ਦਾ ਪ੍ਰਗਟਾਅ ਇਕ ਸੰਵੇਦਨਸ਼ੀਲ ਕਵਿਤਾ ਦੀ ਮਿਸਾਲ ਹੈ:।

ਸ਼ਹਿਰ ਦੇ ਵਿਚਕਾਰ ਭਰ ਵਗਦੀ ਹੈ ਨਹਿਰ ਜਦੋਂ, ਖੂਬਸੂਰਤ ਕਿਸੇ ਨਾਰੀ-ਬਦਨ ਵਾਂਗੂੰ, ਆਪਣੀਆਂ ਲਚਕਦੀਆਂ ਨਿੱਕੀਆਂ ਲਹਿਰਾਂ ਸਮੇਤ ਪਤਾ ਨਹੀਂ ਪਾਣੀ, ਕਿਨ੍ਹਾਂ ਪਰਬਤਾਂ ਤੋਂ ਉਤਰਦਾ ਤੇ ਕਿਨ੍ਹਾਂ ਸਮੁੰਦਰਾਂ ਤਕ ਜਾਂਦਾ/ ਤਿਖੜ ਦੁਪਹਿਰ ਗਰਮੀਆਂ ਦੀ ਰੁੱਤੇ, ਹਵਾ ਨਾਲ ਭਰੀਆ ਟਿਊਬਾਂ ਲੱਕਾ 'ਚ ਪਹਿਨ ਕੇ ਬੱਚੇ ਜਵਾਨ ਬੁੱਢੇ, ਪੁਲਾਂ 'ਤੇ ਮਾਰਦੇ ਛਾਲਾਂ, ਪਾਣੀ 'ਚੋਂ ਲੱਭਦੇ ਜੰਨਤ, ਤਾ ਨਹਿਰ ਕਿਨਾਰੇ, ਮੇਲਾ ਜਿਹਾ ਲੱਗ ਜਾਂਦਾ/ ਹੌਲੀ ਹੌਲੀ ਪਤਾਲ 'ਚ ਪੌੜੀ ਲਾ ਕੇ ਡੂੰਘਾ ਉਤਰਦਾ ਪਾਣੀ ਜਦੋਂ, ਧਰਤੀ ਤੋਂ ਨੀਵਾਂ, ਅਸੀਮ ਗਹਿਰਾਈਆਂ ਤੀਕ, ਤਾਂ ਨਹਿਰ ਦੀ ਤਹਿ 'ਤੇ ਛੱਡ ਜਾਂਦਾ, ਪੱਥਰ ਗੀਟੇ, ਲਾਲ ਧਾਗੇ, ਟੁੱਟੇ ਕਰੂਏ, ਖਿੰਡਿਗਆ ਕੱਚ, ਤਾਂ ਉਹ ਨਹਿਰ ਸ਼ਹਿਰ ਦੀ ਹਿੱਕ 'ਤੇ, ਧੱਬਾ ਜਿਹਾ ਬਣ ਜਾਂਦੀ/ ਭਰੀ ਨਹਿਰ ਕਿੰਨੀ ਖੂਬਸੂਰਤ ਲਗਦੀ, ਸੁਕਦੀ ਤਾਂ, ਟੁੱਟੀਆਂ ਵਸਤੂਆਂ ਦਾ, ਮੁਜੱਸਮਾ ਬਣ ਜਾਂਦੀ।...

ਸਾਧਾਰਨਤਾ ਜ਼ਿੰਦਗੀ ਦੀ ਖੂਬਸੂਰਤੀ ਹੈ, ਇਹਦਾ ਪ੍ਰਗਟਾਵਾ 'ਦੀਵਾਰ ਤੋਂ ਪਾਰ ਇਕ ਔਰਤ ਦੀ ਆਵਾਜ਼' ਵਿਚ ਹੈ: ਦੀਵਾਰ ਤੋਂ ਪਾਰ, ਇਕ ਔਰਤ ਦੀ ਆਵਾਜ਼ ਆਉਂਦੀ ਹੈ ਕਦੇ ਉਹ ਆਪਣੇ ਬੱਚਿਆਂ ਨੂੰ, ਕਦੇ ਆਪਣੇ ਪਤੀ ਨੂੰ ਬੁਲਾਉਂਦੀ ਹੈ। ਮੈਂ ਇਸ ਔਰਤ ਨੂੰ ਜਾਣਦਾ ਤਕ ਨਹੀਂ, ਨਾ ਮੈਂ ਤੱਕਿਆ ਹੈ ਇਸ ਨੂੰ ਕਦੇ, ਪਰ ਇਸ ਔਰਤ ਦੀ ਆਵਾਜ਼, ਮੇਰੀ ਸੁੰਨ ਸੰਧਿਆ ਦਾ ਸੰਗੀਤ ਹੈ, ਮੇਰੀਆਂ ਉਦਾਸ ਸ਼ਾਮਾਂ ਵਿਚ, ਤੋੜ ਕੇ ਉਦਾਸ ਧੁਨਾਂ ਦਾ ਦਾਇਰਾ, ਜੋ ਅਕਸਰ ਆਉਂਦਾ ਹੈ ਮੇਰੇ ਕੋਲ/ ਇਸ ਔਰਤ ਦੀ ਆਵਾਜ਼, ਦਸਦੀ ਹੈ ਮੈਨੂੰ, ਕਿ ਮੇਰੀ ਚੁੱਪ ਦੇ ਐਨ ਗੁਆਂਢ 'ਚ, ਘਰਾਂ ਦਾ ਇਕ ਨਿਰੰਤਰ ਸਿਲਸਿਲਾ ਹੈ, ਜਿਥੇ ਅਜੇ ਵੀ ਆਵਾਜ਼ਾਂ ਨੇ, ਕਿਸੇ ਵੀ ਤੋੜ ਦੇਣ ਵਾਲੀ, ਖਾਮੋਸ਼ੀ ਦੇ ਖਿਲਾਫ/ ਜਿਨ੍ਹਾਂ ਨੂੰ ਸੁਣ ਕੇ, ਅਜੇ ਵੀ ਜੁੜਿਆ ਜਾ ਸਕਦਾ, ਘਰਾਂ ਦੇ ਨਾਲ।

ਕਵੀ ਬਹੁਤ ਵਾਰੀ ਆਪਣੇ ਆਪ ਨੂੰ ਸੰਬੋਧਨ ਹੋ ਕੇ ਆਪਣਾ ਵੀ ਸਵੈ-ਆਲੋਚਕ ਹੁੰਦਾ ਹੈ: ਹਨ੍ਹੇਰੇ ਕਮਰੇ ਵਿਚ ਬੈਠ ਕੇ, ਮੈਂ ਕਿੰਨੀਆ ਕਵਿਤਾਵਾਂ ਲਿਖੀਆਂ, ਜਿਨ੍ਹਾਂ ਵਿਚ ਸੂਰਜ ਤਾਂ ਸੀ, ਪਰ ਧੁੱਪ ਨਹੀਂ ਸੀ। ਫੁੱਲਾਂ ਦਾ ਜ਼ਿਕਰ ਤਾਂ ਸੀ, ਪਰ ਖੁਸ਼ਬੂ ਦਾ ਨਾਮੋ ਨਿਸ਼ਾਨ ਨਹੀਂ ਸੀ। ਚੰਦਰਮਾ ਦੀ ਤਾਰੀਫ ਤਾਂ ਸੀ, ਪਰ ਚਾਂਦਨੀ ਕਿਤੇ ਬਿਖਰੀ ਮਹਿਸੂਸ ਨਹੀਂ ਸੀ ਹੁੰਦੀ। ਕਵਿਤਾਵਾਂ ਲਿਖੀਆਂ ਤਾਂ ਮੈਂ ਸਨ, ਪਰ ਇਨ੍ਹਾਂ ਵਿਚ ਮੈਂ ਕਿੱਥੇ ਸਾਂ? ਅਮਰਜੀਤ ਕੌਂਕੇ ਨੂੰ ਇਨ੍ਹਾਂ ਸੰਵੇਦਨਸ਼ੀਲ ਕਵਿਤਾਵਾਂ ਲਈ ਸਾਡੀ ਸਲਾਮ ਕਹਿਣੀ ਬਣਦੀ ਹੈ।

8-12-1996